BRITISH COLUMBIA HealthLinkBC

Punjabi - Number 44b
January 2012

# ਛੋਟੀ ਮਾਤਾ (ਵੈਰੀਸੈਲਾ) ਵੈਕਸੀਨ
# Chickenpox (Varicella) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਕੈਨੇਡਾ ਵਿਚ ਪਿਛਲੇ 50 ਸਾਲਾਂ ਦੌਰਾਨ ਇਮਿਊਨਾਇਜ਼ੇਸ਼ਨ ਨੇ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

## ਛੋਟੀ ਮਾਤਾ ਦਾ ਵੈਕਸੀਨ ਕੀ ਹੈ?

ਛੋਟੀ ਮਾਤਾ ਦਾ ਵੈਕਸੀਨ ਛੋਟੀ ਮਾਤਾ ਦੀ ਬੀਮਾਰੀ ਤੋਂ ਬਚਾਅ ਕਰਦਾ ਹੈ। ਵੈਕਸੀਨ ਹੈੱਲਥ ਕੈਨੇਡਾ ਵੱਲੋਂ ਪਰਵਾਨਿਤ ਹੈ।

ਛੋਟੀ ਮਾਤਾ ਦਾ ਵੈਕਸੀਨ ਰੁਟੀਨ ਇਮਿਊਨਾਇਜ਼ੇਸ਼ਨ ਦੇ ਇੱਕ ਹਿੱਸੇ ਵਜੋਂ ਮੁਫ਼ਤ ਦਿੱਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਣ ਵਾਸਤੇ ਆਪਣੇ ਸਥਾਨਕ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਫ਼ੋਨ ਕਰੋ।

## ਛੋਟੀ ਮਾਤਾ ਦਾ ਵੈਕਸੀਨ ਕਿਸ ਨੂੰ ਲੈਣਾ ਚਾਹੀਦਾ ਹੈ?

ਬੱਚਿਆਂ ਨੂੰ ਛੋਟੀ ਮਾਤਾ ਦੇ ਵੈਕਸੀਨ ਦੀਆਂ 2 ਖ਼ੁਰਾਕਾਂ ਜਾਂ ਲੋਦੇ ਲਗਾਏ ਜਾਂਦੇ ਹਨ। ਪਹਿਲੀ ਖ਼ੁਰਾਕ 12 ਮਹੀਨਿਆਂ ਦੀ ਉਮਰ ਤੇ ਦਿੱਤੀ ਜਾਂਦੀ ਹੈ। 1 ਜਨਵਰੀ 2012 ਤੋਂ ਦੂਜੀ ਖ਼ੁਰਾਕ 4 ਤੋਂ 6 ਸਾਲ ਦੀ ਉਮਰ ਤੇ ਦਿੱਤੀ ਜਾਂਦੀ ਹੈ। ਬਚਪਣ ਦੀਆਂ ਹੋਰ ਇਮਿਊਨਾਈਜ਼ੇਸ਼ਨਜ਼ ਦੇ ਸਮੇਂ ਇਹ ਵੈਕਸੀਨ ਵੀ ਦਿੱਤਾ ਜਾਂਦਾ ਹੈ।

| ਛੋਟੀ ਮਾਤਾ ਦਾ ਵੈਕਸੀਨ | ਵੈਕਸੀਨ ਲੈਣ ਵੇਲੇ ਬੱਚੇ ਦੀ ਉਮਰ |
|---|---|
| ਪਹਿਲੀ ਖ਼ੁਰਾਕ | 12 ਮਹੀਨੇ |
| ਦੂਜੀ ਖ਼ੁਰਾਕ | 4-6 ਸਾਲ |

13 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕ ਜਿਨ੍ਹਾਂ ਨੂੰ ਪਹਿਲਾਂ ਇਹ ਵੈਕਸੀਨ ਨਹੀਂ ਲਗਾ ਜਾਂ ਜਿਨ੍ਹਾਂ ਕੋਲ ਛੋਟੀ ਮਾਤਾ ਤੋਂ ਇਮਿਊਨਿਟੀ ਦਾ ਕੋਈ ਸਬੂਤ ਨਹੀਂ ਉਨ੍ਹਾਂ ਨੂੰ ਵੀ ਇਸ ਵੈਕਸੀਨ ਦੀਆਂ 2 ਖ਼ੁਰਾਕਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਪਹਿਲੀ ਖ਼ੁਰਾਕ ਤੋਂ ਬਾਅਦ ਦੂਜੀ ਖ਼ੁਰਾਕ 6 ਹਫ਼ਤਿਆਂ ਬਾਅਦ ਦਿੱਤੀ ਜਾਂਦੀ ਹੈ।

ਜਿਨ੍ਹਾਂ ਨੂੰ ਛੋਟੀ ਮਾਤਾ ਪਹਿਲੇ ਜਨਮ ਦਿਨ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਉਨ੍ਹਾਂ ਨੂੰ ਵੈਕਸੀਨ ਲੈਣਾ ਚਾਹੀਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਜੇ ਉਨ੍ਹਾਂ ਵਿਚ ਲੰਮੇ ਸਮੇਂ ਲਈ ਇਮਿਊਨਿਟੀ ਵਿਕਾਸ ਨਾ ਹੋਇਆ ਹੋਵੇ ਤਾਂ ਉਨ੍ਹਾਂ ਨੂੰ ਛੋਟੀ ਮਾਤਾ ਦੁਬਾਰਾ ਹੋ ਸਕਦੀ ਹੈ। ਪਰ ਜਿਨ੍ਹਾਂ ਨੂੰ ਛੋਟੀ ਮਾਤਾ 1 ਸਾਲ ਦੀ ਉਮਰ ਜਾਂ ਉਸ ਤੋਂ ਬਾਅਦ ਹੋਈ ਹੈ ਉਨ੍ਹਾਂ ਨੂੰ ਵੈਕਸੀਨ ਲੈਣਾ ਜ਼ਰੂਰੀ ਨਹੀਂ।

ਸਾਰੀਆਂ ਇਮਿਊਨਾਈਜ਼ੇਸ਼ਨਜ਼ ਦਾ ਰਿਕਾਰਡ ਰੱਖਣਾ ਬੜਾ ਮਹੱਤਵਪੂਰਨ ਹੈ

## ਛੋਟੀ ਮਾਤਾ ਦੇ ਵੈਕਸੀਨ ਦੇ ਫ਼ਾਇਦੇ

ਆਪਣੇ ਬੱਚੇ ਨੂੰ ਛੋਟੀ ਮਾਤਾ ਅਤੇ ਇਸ ਦੀਆਂ ਉਲਝਣਾਂ ਤੋਂ ਬਚਾਉਣ ਲਈ ਛੋਟੀ ਮਾਤਾ ਦਾ ਵੈਕਸੀਨ ਸਭ ਤੋਂ ਉੱਤਮ ਤਰੀਕਾ ਹੈ।

ਇਮਿਊਨਾਈਜ਼ੇਸ਼ਨ ਤੋਂ ਬਾਅਦ ਵੀ 20 ਵਿਚੋਂ 3 ਬੱਚਿਆਂ ਨੂੰ ਛੋਟੀ ਮਾਤਾ ਹੋ ਸਕਦੀ ਹੈ। ਪਰ ਇਹ ਬਿਮਾਰੀ ਇਮਿਊਨਾਈਜ਼ਡ ਨਾ ਕੀਤੇ ਜਾਣ ਨਾਲੋਂ ਬਹੁਤ ਹਲਕੀ ਹੋਵੇਗੀ।

ਜਦੋਂ ਤੁਸੀਂ ਆਪਣੇ ਬੱਚੇ ਨੂੰ ਵੈਕਸੀਨ ਲਵਾ ਲੈਂਦੇ ਹੋ ਤਾਂ ਤੁਸੀਂ ਨਾਲ ਹੀ ਦੂਜਿਆਂ ਦੇ ਬਚਾਅ ਵਿਚ ਵੀ ਮਦਦ ਕਰਦੇ ਹੋ।

## ਵੈਕਸੀਨ ਤੋਂ ਮਗਰੋਂ ਦੇ ਸੰਭਵ ਪ੍ਰਤੀਕਰਮ (ਰੀਐਕਸ਼ਨ)

ਵੈਕਸੀਨ ਬਹੁਤ ਸੁਰੱਖਿਅਤ ਹੁੰਦੇ ਹਨ। ਛੋਟੀ ਮਾਤਾ ਨਿਕਲਣ ਨਾਲੋਂ ਇਸ ਦਾ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਜਿਸ ਥਾਂ ਲੋਦਾ ਲੱਗਿਆ ਹੋਵੇ ਉਸ ਥਾਂ ਦਾ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ ਵੈਕਸੀਨ ਦੇ ਆਮ ਪ੍ਰਤੀਕਰਮਾਂ 'ਚ ਸ਼ਾਮਲ ਹੋ ਸਕਦਾ ਹੈ। ਵੈਕਸੀਨ ਤੋਂ ਤਕਰੀਬਨ ਦੋ ਹਫ਼ਤਿਆਂ ਬਾਅਦ ਹਲਕਾ ਬੁਖ਼ਾਰ ਹੋਣਾ ਅਤੇ ਰੈਸ਼, ਜਿਹੜੇ ਛੋਟੀ ਮਾਤਾ ਵਰਗੇ ਲੱਗਦੇ ਹਨ ਪਰ ਕੁਝ ਕੁ ਥਾਵਾਂ ਉੱਤੇ ਹੋ ਸਕਦੇ ਹਨ।

ਬਹੁਤ ਘੱਟ ਹਾਲਤਾਂ ਵਿਚ, ਵੈਕਸੀਨੇਸ਼ਨ ਤੋਂ ਬਾਅਦ ਇੱਕ ਇਮਿਊਨਾਈਜ਼ਡ ਵਿਅਕਤੀ ਵਿਚ ਰੈਸ਼ ਵਿਕਸਤ ਹੋ ਕੇ ਛੋਟੀ ਮਾਤਾ ਵੈਕਸੀਨ ਦੇ ਵਾਇਰਸ ਨੂੰ ਹੋਰ ਲੋਕਾਂ ਵਿਚ ਫੈਲਾ ਸਕਦੇ ਹਨ। ਵਾਇਰਸ ਨੂੰ ਹੋਰ ਲੋਕਾਂ ਵਿਚ ਫੈਲਣ ਤੋਂ ਰੋਕਣ ਲਈ ਰੈਸ਼ ਨੂੰ ਢੱਕ ਕੇ ਰੱਖੋ ਜਦ ਤੱਕ ਛਾਲੇ ਸੁੱਕ ਨਾ ਜਾਣ ਅਤੇ ਉੱਪਰਲੀ ਸਤਹਿ ਸਖ਼ਤ ਨਾ ਹੋ ਜਾਏ।

ਐਸੀਟੋਮੀਨੋਫ਼ੇਨ (Acetaminophen) ਜਾਂ ਟੈਲੀਨੋਲ (Tylenol®) ਬੁਖ਼ਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪ੍ਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ **ਨਹੀਂ** ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਬਾਅਦ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ, ਪਰ ਫਿਰ ਵੀ ਇੱਕ ਜਾਨਲੇਵਾ ਐਲਰਜੀ ਪ੍ਰਤੀਕਰਮ ਦੀ ਸੰਭਾਵਨਾ ਹੁੰਦੀ ਹੈ, ਜਿਸਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਕਲੀਨਿਕ ਵਿਚੋਂ ਜਾਣ ਤੋਂ ਬਾਅਦ ਹੁੰਦਾ ਹੈ ਤਾਂ 911 ਜਾਂ ਸਥਾਨਕ ਐਮਰਜੈਂਸੀ ਨੰਬਰ ’ਤੇ ਫ਼ੋਨ ਕਰੋ। ਇਸ ਪ੍ਰਤੀਕਰਮ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

ਗੰਭੀਰ ਜਾਂ ਅਚਨਚੇਤ ਪ੍ਰਤੀਕਰਮਾਂ ਦੀ ਰਿਪੋਰਟ ਆਪਣੇ ਸਿਹਤ ਸੰਭਾਲ ਪਰਦਾਨ ਕਰਨ ਵਾਲੇ ਨੂੰ ਹਮੇਸ਼ਾਂ ਕਰਨਾ ਮਹੱਤਵਪੂਰਨ ਹੈ।

## ਕਿਸ ਨੂੰ ਛੋਟੀ ਮਾਤਾ ਦਾ ਵੈਕਸੀਨ ਨਹੀਂ ਲੈਣਾ ਚਾਹੀਦਾ?

ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨਾਲ ਗੱਲ ਕਰੋ, ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ/ਦਾ:

- ਛੋਟੀ ਮਾਤਾ ਦੇ ਵੈਕਸੀਨ ਦੀ ਕਿਸੇ ਪਹਿਲਾਂ ਦਿੱਤੀ ਖ਼ੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ ਨਾਲ ਜਾਂ ਨੀਓਮਾਈਸੀਨ, ਜੇਲਾਟਿਨ ਨਾਲ ਕੋਈ ਜਾਨਲੇਵਾ ਪ੍ਰਤੀਕਰਮ ਹੋਇਆ ਹੋਵੇ
- ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਨਾਲ ਇਮਿਊਨ ਸਿਸਟਮ ਕਮਜ਼ੋਰ ਹੋਇਆ ਹੋਵੇ
- ਪਿਛਲੇ 12 ਮਹੀਨਿਆਂ ਦੇ ਅੰਦਰ ਖ਼ੂਨ ਚੜ੍ਹਾਇਆ ਗਿਆ ਹੋਵੇ ਜਾਂ ਖ਼ੂਨ ਦੇ ਕੋਈ ਹੋਰ ਪਦਾਰਥ ਦਿੱਤੇ ਗਏ ਹੋਣ
- ਟੀ.ਬੀ. ਹੈ ਜਿਸਦਾ ਇਲਾਜ ਨਹੀਂ ਹੋ ਰਿਹਾ
- ਜਾਂ ਜੇਕਰ ਤੁਸੀਂ ਗਰਭਵਤੀ ਹੋਵੋ

## ਛੋਟੀ ਮਾਤਾ ਕੀ ਹੈ?

ਛੋਟੀ ਮਾਤਾ ਵੈਰੀਸੈਲਾ-ਜ਼ੋਸਟਰ ਵਾਇਰਸ ਦੁਆਰਾ ਪੈਦਾ ਹੋਣ ਵਾਲੀ ਇੱਕ ਇੰਨਫੈਕਸ਼ਨ ਹੈ। ਜ਼ਿਆਦਾਤਰ ਲੋਕ ਆਪਣੇ ਬਚਪਣ ਦੇ ਸ਼ੁਰੂ ਵਿਚ ਹੀ ਛੋਟੀ ਮਾਤਾ ਨਾਲ ਬੀਮਾਰ ਹੋ ਜਾਂਦੇ ਹਨ। ਛੋਟੀ ਮਾਤਾ ਦੀ ਬੀਮਾਰੀ ਨਾਲ ਬੱਚਿਆਂ ਨੂੰ ਔਸਤਨ 350 ਜਾਂ ਵਧੇਰੇ ਲਾਲ, ਖਾਰਸ਼ ਹੋਣ ਵਾਲੇ ਦਾਣੇ ਨਿਕਲ ਸਕਦੇ ਹਨ। ਇਹ ਇੰਨਫੈਕਸ਼ਨ ਕਿਸ਼ੋਰਾਂ, ਬਾਲਗਾਂ ਅਤੇ ਉਨ੍ਹਾਂ ਵਿਚ ਵਧੇਰੇ ਗੰਭੀਰ ਹੁੰਦੀ ਹੈ ਜਿੰਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋਇਆ ਹੋਵੇ।

ਨਮੂਨੀਆ (ਫੇਫੜਿਆਂ ਦੀ ਇੰਨਫੈਕਸ਼ਨ) ਅਤੇ ਐਨਸੇਫਲਾਈਟਿਸ (ਦਿਮਾਗ਼ ਦੀ ਸੋਜ਼), ਅਤੇ ਚਮੜੀ ਤੇ ਬੈਕਟੀਰੀਆ ਵਾਲੀਆਂ ਇਨਫੈਕਸ਼ਨਾਂ ਛੋਟੀ ਮਾਤਾ ਤੋਂ ਪੈਦਾ ਹੋਣ ਵਾਲੀਆਂ ਉਲ਼ਝਣਾਂ ਵਿਚ ਸ਼ਾਮਲ ਹਨ। ਐਨਸੇਫਲਾਈਟਿਸ ਕਾਰਨ ਕੜਵੱਲ ਪੈਣੇ, ਬੋਲ਼ਾਪਣ ਜਾਂ ਦਿਮਾਗ਼ੀ ਨੁਕਸਾਨ ਤੱਕ ਵੀ ਹੋ ਸਕਦਾ ਹੈ। ਤਕਰੀਬਨ 3,000 ਬਾਲਗਾਂ ਵਿਚੋਂ 1 ਇਸ ਇੰਨਫੈਕਸ਼ਨ ਨਾਲ ਮਰ ਸਕਦਾ ਹੈ।

ਵਾਇਰਸ ਛਿੱਕਣ ਅਤੇ ਖੰਘਣ ਦੁਆਰਾ ਬੜੀ ਸੌਖੀ ਤਰ੍ਹਾਂ ਹਵਾ ਰਾਹੀਂ ਫੈਲ ਜਾਂਦਾ ਹੈ। ਇਹ ਛੋਟੀ ਮਾਤਾ ਦੇ ਦਾਣਿਆਂ ਵਿਚਲੇ ਦ੍ਰਵ ਨਾਲ ਸੰਪਰਕ ਦੁਆਰਾ ਵੀ ਫੈਲ ਸਕਦਾ ਹੈ।

ਕੁੱਝ ਲੋਕਾਂ ਵਿਚ ਵਾਇਰਸ ਜ਼ਿੰਦਗੀ ਵਿਚ ਮਗਰੋਂ ਜਾ ਕੇ ਫਿਰ ਸਰਗਰਮ ਹੋ ਸਕਦਾ ਹੈ ਅਤੇ ਦਰਦਨਾਕ ਰੈਸ਼, ਜਿਸ ਨੂੰ ਕੱਚੀ ਧੱਦਰ ਕਿਹਾ ਜਾਂਦਾ ਹੈ, ਪੈਦਾ ਕਰ ਸਕਦਾ ਹੈ। ਛੋਟੀ ਮਾਤਾ ਜਾਂ ਕੱਚੀ ਧੱਦਰ ਬਾਰੇ ਵਧੇਰੇ ਜਾਣਕਾਰੀ ਲਈ HealthLink BC (ਹੈੱਲਥਲਿੰਕ ਬੀ.ਸੀ.) ਫ਼ਾਈਲ #44a ਛੋਟੀ ਮਾਤਾ ਸਬੰਧੀ ਤੱਥ ਜਾਂ #111 ਸ਼ਿੰਗਲਜ਼ ਵੈਕਸੀਨ ਦੇਖੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਨਾਬਾਲਗ ਬੱਚੇ ਇਮਿਊਨਾਇਜ਼ੇਸ਼ਨ ਦੀ ਸਹਿਮਤੀ ਬਾਰੇ ਪਹਿਲਾਂ ਗੱਲਬਾਤ ਕਰ ਲੈਣ। ਇਮਿਊਨਾਈਜ਼ੇਸ਼ਨ ਤੋਂ ਪਹਿਲਾਂ ਮਾਪਿਆਂ/ਸਰਪ੍ਰਸਤਾਂ ਜਾਂ ਪ੍ਰਤੀਨਿਧਾਂ ਦੀ ਸਹਿਮਤੀ ਲੈਣ ਲਈ ਯਤਨ ਕੀਤੇ ਜਾਂਦੇ ਹਨ। ਪਰ 19 ਸਾਲ ਤੋਂ ਘੱਟ ਉਮਰ ਦੇ ਬੱਚੇ ਜਿਹੜੇ ਹਰ ਵੈਕਸੀਨ ਦੇ ਖਤਰਿਆਂ ਅਤੇ ਸੰਭਵ ਰੀਐਕਸ਼ਨਜ਼ ਨੂੰ ਸਮਝਣਯੋਗ ਹੋਣ ਅਤੇ ਵੈਕਸੀਨ ਨਾ ਲਵਾਉਣ ਦੇ ਖ਼ਤਰਿਆਂ ਨੂੰ ਸਮਝਦੇ ਹੋਣ ਉਹ ਕਾਨੂਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਹਨ ਜਾਂ ਇਨਕਾਰ ਕਰ ਸਕਦੇ ਹਨ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਵਧੀਕ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਵੈੱਬਸਾਈਟ www.immunizebc.ca. ਦੇਖੋ।

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

BRITISH COLUMBIA ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY